# ਪ੍ਰੋ: ਆਫ਼ ਸਿੱਖਇਜ਼ਮ ਸ. ਗੁਰੇਤਜ ਸਿੰਘ ਦੇ ਨਾਂ *–ਗੁਰਸਿੱਖ ਫੀਚਰਜ਼*

ਪਰਮ ਸਤਿਕਾਰਯੋਗ ਸ. ਗੁਰਤੇਜ ਸਿੰਘ ਜੀ : ਗੁਰ ਫ਼ਤਹਿ ਪ੍ਰਵਾਨ ਕਰਨੀ ਜੀ,

ਆਪ ਜੀ ਵੱਲੋਂ ਸ. ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਦੀਆਂ ਕਾਲੀਆਂ ਲਿਖਤਾਂ ਨੂੰ ਬਚਾਉਣ ਲਈ ਜੋ ਡਰਾਮਾ ਖੇਡਿਆ ਜਾ ਰਿਹਾ ਹੈ, ਉਹ ਤੁਹਾਡੇ ਵਰਗੀ ਸਖ਼ਸ਼ੀਅਤ ਲਈ ਸ਼ੋਭਨੀਕ ਨਹੀਂ ਹੈ। ਤੁਹਾਡੇ ਦਿਲ ਦੀ ਪੀੜਾ ਨੂੰ ਮੈਂ ਚੰਗੀ ਤਰ੍ਹਾਂ ਸਮਝਦਾ ਹਾਂ। ਤੁਸੀਂ ਸਿੱਖ ਕੌਮ ਦੇ ਇਕ ਹੀਰੇ ਹੋ ਤੇ ਤੁਹਾਡੇ ਹਿਰਦੇ ਵਿਚ ਸਿੱਖੀ ਲਈ ਪਿਆਰ ਹੈ, ਤੜਫ ਹੈ। ਕੁਛ ਕਹਿ ਗੁਜਰਨ ਦੀ ਉਮੰਗ ਹੈ ਪਰ ਇਸ ਕੌਮ ਨੇ ਤੁਹਾਡੀ ਕਦਰ ਨਹੀਂ ਕੀਤੀ। ਸੋ ਮੈਂ ਆਪ ਜੀ ਨੂੰ ਫਰਸਟਰੇਟਡ ਜਾਂ ਖਿੜਿਆ ਹੋਇਆ ਬੱਚਾ ਸਮਝਦਾ ਹਾਂ, ਜਿਸ ਦੀ ਗੱਲ ਘਰ ਵਿਚ ਨਾ ਸੁਣੀ ਜਾਵੇ ਫਿਰ ਉਹ ਘਰ ਦੇ ਭਾਂਡੇ ਭੰਨਣ ਤਕ ਜਾਂਦਾ ਹੈ ਜਾਂ ਫਿਰ ਤੁਸੀਂ ਉਹ ਮਨੁੱਖ ਹੋ ਜੋ ਆਪਣੀ ਜ਼ਿੰਦਗੀ ਦੀ ਦੌੜ ਵਿਚ ਹਾਰ ਜਾਵੇ ਫਿਰ ਉਹ ਆਤਮ ਹੱਤਿਆ ਕਰਨ ਤੋਂ ਪਹਿਲਾਂ ਆਪਣੇ ਘਰ ਦੇ ਬਨੇਰੇ ਹੀ ਢਾਹੁਣ ਲੱਗ ਜਾਵੇ।

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਸਾਡੇ ਪੰਥਕ ਲੀਡਰਾਂ ਨੇ ਜਿੰਨਾ ਨੁਕਸਾਨ ਸਾਡੀ ਕੌਮ ਦਾ ਕੀਤਾ ਹੈ ਸ਼ਾਇਦ ਕੋਈ ਦੁਸ਼ਮਣ ਵੀ ਨਾ ਕਰ ਸਕਿਆ ਹੋਵੇ। ਸਾਡੇ ਪੰਥਕ ਲੀਡਰਾਂ ਨੂੰ ਤੁਹਾਡੇ ਵਰਗੀ ਸੁਝਵਾਨ ਸਖ਼ਸ਼ੀਅਤ ਦੀ ਲੋੜ ਨਹੀਂ। ਅਕਾਲੀ ਆਗੂਆਂ ਵਰਗੇ ਸ਼ਾਤਰ ਮਨੁੱਖਾਂ ਨੂੰ ਤਾਂ ਭੇਡਾਂ ਹੀ ਚਾਹੀਦੀਆਂ ਹਨ ਤਾਂਕਿ ਜਿਸ ਭੇਡ ਨੂੰ ਜਦੋਂ ਮਰਜ਼ੀ ਹੋਵੇ, ਵਾੜੇ ਵਿਚੋਂ ਕੱਢ ਕੇ ਜਿਸ ਕੁਰਸੀ ਤੇ ਚਾਹਵੇ ਬਿਠਾ ਦੇਵੇ ਤੇ ਫਿਰ ਆਪਣੀ ਮਰਜ਼ੀ ਨਾਲ ਹੱਕੀ ਜਾਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਹੁਤੇ ਮੈਂਬਰ ਸਿੱਖੀ ਤੋਂ ਕੋਹਾਂ ਦੂਰ ਹਨ। ਜੇ ਮੈਂਬਰ ਮਾੜੇ ਹੋਣ ਜਾਂ ਤਖ਼ਤਾਂ ਦੇ ਜਥੇਦਾਰ ਆਪਣੀ ਜ਼ਿੰਮੇਵਾਰੀ ਤੋਂ ਕੁਤਾਹੀ ਵਾਲੇ ਹੋਣ ਤਾਂ ਇਸਦਾ ਮਤਲਬ ਇਹ ਨਹੀਂ ਕਿ ਸ਼੍ਰੋਮਣੀ ਕਮੇਟੀ ਹੀ ਤੋੜ ਦੇਈਏ ਜਾਂ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਚੈਲਿੰਜ ਕਰਨ ਲੱਗ ਪਈਏ। ਆਖਰ ਜਥੇਦਾਰ ਤਾਂ ਕੋਈ ਬਣੇਗਾ ਹੀ। ਮੰਨ ਲਉ ਤੁਹਾਡੀ ਇੱਛਾ ਅਨੁਸਾਰ ਤਾਂ ਕਿਹੜਾ ਉਹ ਜਥੇਦਾਰ ਅਸਮਾਨੋਂ ਉਤਰੇਗਾ। ਆਖਰ ਸਾਡੇ ਵਿਚੋਂ ਹੀ ਬਣਨਾ ਹੈ ਅਤੇ ਇਹ ਕੁਦਰਤੀ ਹੈ ਕਿ ਉਸ ਦਾ ਪੱਖ ਤੁਹਾਡੇ ਵੱਲ ਹੀ ਰਹੇਗਾ ਤੇ ਫਿਰ ਅਕਾਲੀ ਉਸ ਨੂੰ ਗਾਲਾਂ ਕੱਢਣਗੇ। ਸ਼੍ਰੋਮਣੀ ਕਮੇਟੀ ਮੈਂਬਰ ਜੋ ਚੁਣੇ ਗਏ ਹਨ, ਉਹ ਮਾੜੇ ਹਨ ਜਾਂ ਚੰਗੇ, ਮੈਂਬਰ ਉਹ ਰਹਿਣਗੇ ਹੀ। ਜਥੇਦਾਰ ਜੋ ਮੌਜੂਦਾ ਤਖ਼ਤ ’ਤੇ ਬਿਰਾਜਮਾਨ ਹਨ, ਹੁਕਮ ਉਸਦਾ ਹੀ ਚੱਲੇਗਾ, ਤੁਹਾਡੇ ਉਹ ਫਿਟ ਆਵੇ ਜਾ ਨਾ। ਮੋਹਰ ਉਹਨਾਂ ਦੀ ਹੀ ਲੱਗਣੀ ਹੈ। ਤੁਸੀਂ ਇਕ ਨਹੀਂ ਚਾਹੇ ਪੰਜਾਹ ਸੰਸਥਾਵਾਂ ਖੜ੍ਹੀਆਂ ਕਰ ਲਵੋ, ਇਹ ਸਭ ਦੀਵੇ ਦੀ ਨਿਆਈਂ ਹਨ ਜਿਹੜੀ ਹਵਾ ਦੇ ਇਕ ਝੋਕੇ ਨਾਲ ਬੁਝ ਜਾਣਗੀਆਂ ਅਤੇ ਮੈਨੂੰ ਦੁੱਖ ਹੋਵੇਗਾ ਜਦ ਤੁਹਾਡੇ ਵਰਗਾ ਮਨੁੱਖ ਇਸ ਰਾਮ ਰੌਲੇ ਵਿਚ ਗੁਆਚ ਗਿਆ। ਜਿਸ ਜਥੇਦਾਰ ਦੀ ਕਲਪਣਾ ਤੁਸੀਂ ਕਰਦੇ ਹੋ, ਕੀ ਉਹ ਸਰਬ-ਪ੍ਰਵਾਨਿਤ ਹੋਵੇਗਾ? ਰਹੀ ਗੱਲ ਸਰਬੱਤ ਖ਼ਾਲਸੇ ਦੀ, ਸਰਬੱਤ ਖ਼ਾਲਸੇ ਵਿਚ ਵੀ ਤੁਹਾਡੇ ਵਰਗੇ ਪੰਜ-ਸੱਤ ਸਿਆਣੇ ਗੁਰਸਿੱਖ ਫੈਸਲਾ ਲੈਂਦੇ ਹਨ, ਬਾਕੀ ਦੀ ਲੋਕਾਈ ਤਾਂ ਸਿਰਫ਼ ਹੱਥ ਖੜ੍ਹੇ ਕਰਨ ਵਾਸਤੇ ਹੁੰਦੀ ਹੈ, ਉਥੇ ਕਿਹੜਾ ਇਕ ਇਕ ਦੀ ਗੱਲ ਸੁਣੀ ਜਾਂਦੀ ਹੈ।

ਮੈਨੂੰ ਅਫਸੋਸ ਹੈ ਕਿ ਦੁਸ਼ਮਣ ਆਪਣੀ ਚਾਲ ਚੱਲ ਗਿਆ ਹੈ। ਬਗ਼ੈਰ ਕਿਸੇ ਇਸ਼ੂ ਤੋਂ ਸਿੱਖ ਕੌਮ ਨੂੰ ਜੁੰਡੋ ਜੁੰਡੀ ਕਰ ਦਿੱਤਾ ਗਿਆ ਹੈ। ਸਾਨੂੰ ਆਪਸ ’ਚ ਲੜਾ ਕੇ ਸਾਡਾ ਦੁਸ਼ਮਣ ਆਰਾਮ ਨਾਲ ਬੈਠ ਕੇ ਤਮਾਸ਼ਾ ਦੇਖ ਰਿਹਾ ਹੈ। ਮੈਨੂੰ ਬਹੁਤ ਦੁੱਖ ਹੈ ਕਿ ਤੁਹਾਡੇ ਵਰਗਾ ਸਿਆਣਾ ਸਮਝਦਾਰ ਗੁਰਸਿੱਖ ਅਨਚਾਹੇ ਆਪਣਿਆਂ ਨਾਲ ਰੁੱਸ ਕੇ ਦੁਸ਼ਮਣ ਦੀ ਟੀਮ ਵਿਚ ਰਲ਼ਣਾ ਚਾਹੁੰਦਾ ਹੈ। ਇਹ ਉਹ ਟੀਮ ਹੈ ਜਿਸਨੇ ਅਕਾਲ ਤਖ਼ਤ ਦੀ ਸ਼ਕਤੀ ਨੂੰ ਛੁਟਿਆਉਣਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਨੂੰ ਇਕ ਉਪਦੇਸ਼ ਦੀ ਕਿਤਾਬ ਸਿੱਧ ਕਰਨਾ ਹੈ। ਗੁਰੂਆਂ ਨੂੰ ਕੇਵਲ ਇਕ ਬਹੁਤ ਵਧੀਆ ਮਨੁੱਖ ਦੇ ਤੌਰ ’ਤੇ ਸਿੱਧ ਕਰਨਾ ਹੈ। ਚੋਰ ਤਾਂ ‘ਚੋਰ ਆਇਆ ਚੋਰ ਆਇਆ’ ਦਾ ਰੌਲਾ ਪਾ ਕੇ ਆਪ ਹੀ ਚੋਰੀ ਕਰ ਗਿਆ ਹੈ ਤੇ ਘਰ ਦੇ ਮਾਲਿਕ ਨੂੰ ਉਦੋਂ ਪਤਾ ਲੱਗਿਆ ਜਦੋਂ ਸਭ ਕੁਝ ਲੁੱਟਿਆ-ਪੁੱਟਿਆ ਗਿਆ।

ਸ. ਕਾਲਾ ਅਫ਼ਗਾਨਾ ਦੀਆਂ ਕਾਲੀਆਂ ਲਿਖਤਾਂ ਦਾ ਮੰਤਵ ‘ਬਿਪਰਨ ਕੀ ਰੀਤ’ ਦਾ ਰੌਲਾ ਪਾ ਕੇ ‘ਸੱਚ ਦੇ ਮਾਰਗ’ ਤੋਂ ਸਿੱਖਾਂ ਨੂੰ ਉਖੇੜਨਾ ਹੈ। ਹੋਰ ਕੁਝ ਨਹੀਂ। ਸ. ਕਾਲਾ ਅਫ਼ਗਾਨਾ ਦੇ ਲੇਖ ਇਕ ਛਪੜੀ ਦੀ ਨਿਆਈਂ ਹਨ ਅਤੇ ਜਿਹੜੇ ਬਗਲਿਆਂ ਨੂੰ ਕਿਨਾਰੇ ਤੇ ਮੱਛੀਆਂ ਚਾਹੀਦੀਆਂ ਹਨ, ਉਹਨਾਂ ਵਾਸਤੇ ਮੰਜ਼ਲੇ-ਮਕਸੂਦ ਹੈ।

***ਕਿਆ ਬਗੁ ਬਪੁੜਾ ਛਪੜੀ ਨਾਇ ॥***
***ਕੀਚੜਿ ਡੂਬੈ ਮੈਲੁ ਨ ਜਾਇ ॥***

ਅਖ਼ਬਾਰੀ ਸ਼ੇਰਾਂ ਦੇ ਡਰੋਂ ਅਕਾਲ ਤਖ਼ਤ ਨੇ ਭੋਰੇ ਵਿਚ ਨਹੀਂ ਵੜ ਜਾਣਾ। ਹਰ ਸ਼ਰਧਾਵਾਨ ਸਿੱਖ ਦਾ ਮਨ ਕਾਲਾ ਅਫ਼ਗਾਨਾ ਦੀਆਂ ਕਾਲੀਆਂ ਲਿਖਤਾਂ ਤੋਂ ਦੁਖੀ ਹੈ ਜੇ ਤੁਸੀਂ ਪੰਜ ਲੱਖ ਸਿੱਖਾਂ ਦੇ ਦਸਤਖ਼ਤ ਕਰਵਾ ਸਕਦੇ ਹੋ, ਅਸੀਂ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ’ਤੇ ਪੰਜਾਹ ਲੱਖ ਦੇ ਸਾਈਨ ਕਰਵਾ ਕੇ ਭੇਜ ਸਕਦੇ ਹਾਂ। ਪਰ ਉਸਦਾ ਫਾਇਦਾ ਕੀ ਹੈ?

ਕਦੇ ਆਪ ਜੀ ਨੇ ਵਿਚਾਰ ਕੀਤਾ ਹੈ ਕਿ ਸ. ਕਾਲਾ ਅਫ਼ਗਾਨਾ ਦੀਆਂ ਲਿਖਤਾਂ ਸਿਰਫ਼ ਇਕੱਲੇ ਕਾਲਾ ਅਫ਼ਗਾਨਾ ਦੀ ਕ੍ਰਿਤ ਹਨ ਜਾਂ ਇਸ ਪਿੱਛੇ ਕੋਈ ਲੁਕਵੀਂ ਸੰਸਥਾ ਦਾ ਹੱਥ ਹੈ ਜੋ ਉਸ ਨੂੰ ਇਤਨਾ ਮੈਟਰ ਇਕੱਠਾ ਕਰਕੇ ਦਿੰਦੀ ਹੈ? ਸ. ਕਾਲਾ ਅਫ਼ਗਾਨਾ ਨੇ ਸਾਰੀ ਉਮਰ ਪੁਲੀਸ ਦੀ ਨੌਕਰੀ ਕੀਤੀ, ਰਿਟਾਇਰਮੈਂਟ ਤੋਂ ਬਾਅਦ ਗੁਰਮਤਿ ਦਾ ਅਧਿਐਨ ਕਰਨਾ ਸ਼ੁਰੂ ਕੀਤਾ ਤੇ 1995 ਵਿਚ ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ ਪੁਸਤਕ ਛਪਵਾ ਦਿੱਤੀ। ਇਤਨੇ ਥੋੜ੍ਹੇ ਸਮੇਂ ਵਿਚ ਸ. ਕਾਲਾ ਅਫ਼ਗਾਨਾ ਦੇ ਅਨੁਸਾਰ ਹੀ ਸ੍ਰੀ ਗੁਰੂ ਗਰੰਥ ਸਾਹਿਬ ਦਾ ਅਰਥਾਂ ਸਹਿਤ ਅਧਿਐਨ, ਗੁਰਬਾਣੀ ਵਿਆਕਰਣ, ਗੁਰਪ੍ਰਤਾਪ ਸੂਰਜ ਗਰੰਥ, ਸਮੁੱਚੇ ਸਿੱਖ ਇਤਿਹਾਸ ’ਤੇ ਲਿਖੀਆਂ ਸਾਰੇ ਇਤਿਹਾਸਕਾਰਾਂ ਦੀਆਂ ਲਿਖਤਾਂ, ਭਾਈ ਵੀਰ ਸਿੰਘ ਗਰੰਥ, ਸਿੱਖ ਸੰਸਥਾਵਾਂ ਦਮਦਮੀ ਟਕਸਾਲ, ਅਖੰਡ ਕੀਰਤਨੀ ਜਥੇ, ਸਿੱਖ ਮਿਸ਼ਨਰੀ ਵਾਲੇ ਤੇ ਹੋਰ ਵਿਦਵਨਾਂ ਦੇ ਗੁਰਮਤਿ ਸੰਬੰਧੀ ਗਰੰਥ, ਦਸਮ ਗਰੰਥ, ਹਿੰਦੂ ਇਤਿਹਾਸ, ਮਿਥਿਹਾਸ, ਵੇਦ, ਸ਼ਾਸਤਰ, ਸਿਮ੍ਰਤੀਆਂ, ਪੁਰਾਣ, ਰਾਮਾਇਣ, ਮਹਾਂਭਾਰਤ ’ਤੇ ਲਿਖੇ ਵੱਖ-ਵੱਖ ਵਿਦਵਾਨਾਂ ਤੇ ਇਤਿਹਾਸਕਾਰਾਂ ਦੇ ਗਰੰਥ, ਮੁਸਲਿਮ ਈਸਾਈ, ਬੋਧੀ ਆਦਿ ਧਰਮਾਂ ’ਤੇ ਚੱਲ ਰਹੇ ਨਵੇਂ ਸੀਰੀਅਲਾਂ ਬਾਰੇ ਖੋਜ ਤੇ ਆਪਣੀ ਗੱਲ ਨੂੰ ਸਿੱਧ ਕਰਨ ਲਈ ਗੁਰੂ ਗਰੰਥ ਸਾਹਿਬ ਦਾ ਅਧਿਐਨ, ਕੀ ਇਕ ਆਦਮੀ ਵੱਲੋਂ ਇੰਨੇ ਘੱਟ ਸਮੇਂ ਵਿਚ ਸੰਭਵ ਹੈ?

ਮੇਰੀ ਆਪ ਜੀ ਦੇ ਚਰਨਾਂ ਵਿਚ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਆਪ ਜੀ ਵਰਗੀ ਸਖ਼ਸ਼ੀਅਤ ਪੰਥ ਵਿਚ ਫੁੱਟ ਪਾਉਣ ਦੇ ਦੋਸ਼ ਦੀ ਭਾਗੀ ਨਾ ਬਣੇ। ਆਪ ਜੀ ਨੇ ਸ. ਕਾਲਾ ਅਫ਼ਗਾਨਾ ਦੀਆਂ ਸਮੁੱਚੀਆਂ ਪੁਸਤਕਾਂ ਦਾ ਅਧਿਐਨ ਕੀਤਾ ਹੋਵੇਗਾ। ਆਪ ਦੇ ਧਿਆਨ ਵਿਚ ਅਜਿਹੇ ਵਿਚਾਰ ਵੀ ਜ਼ਰੂਰ ਆਏ ਹੋਣਗੇ, ਜੋ ਗੁਰੂਆਂ, ਗੁਰੂ ਪਰਿਵਾਰ, ਸਿੱਖੀ ਵਿਸ਼ਵਾਸ, ਸ਼ਰਧਾ ਨੂੰ ਠੇਸ ਪਹੁੰਚਾਉਂਦੇ ਹਨ। ਆਪ ਜੀ ਐਸੀ ਹਰ ਸਤਰ ਜਾਂ ਸ਼ਬਦ ਇਨ੍ਹਾਂ ਲਿਖਤਾਂ ਵਿਚੋਂ ਕਢਵਾ ਕੇ ਵਧ ਰਹੇ ਪੰਥ ਵਿਚਲੇ ਵਿਰੋਧ ਨੂੰ ਖ਼ਤਮ ਕਰਨ ਵਿਚ ਸਹਾਈ ਬਣਨ ਦੀ ਕਿਰਪਾ ਕਰਨੀ ਜੀ।

ਲਿਖਣ ਵਿਚ ਆਪ ਜੀ ਦੀ ਸ਼ਾਨ ਦੇ ਖਿਲਾਫ਼ ਜੇ ਕੋਈ ਸ਼ਬਦ ਲਿਖਿਆ ਗਿਆ ਹੋਵੇ ਤਾਂ ਮੈਂ ਖਿਮਾ ਦਾ ਜਾਚਕ ਹਾਂ।

**–ਗੁਰੂ ਪੰਥ ਦਾ ਦਾਸ, ਡਾਕਟਰ ਅਨੋਖ ਸਿੰਘ**